ਬਸੰਤ ਕੀ ਵਾਰ ਮਹਲੁ ੫ (੧੧੯੩-੬)

ੴ ਸਤਿਗੁਰ ਪ੍ਰਸਾਦਿ ॥ (੧੧੯੩-੬)

ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ ॥ (੧੧੯੩-੭, ਬਸੰਤੁ, ਮਃ ੫)

ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ ॥ (੧੧੯੩-੭, ਬਸੰਤੁ, ਮਃ ੫)

ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ ॥ (੧੧੯੩-੭, ਬਸੰਤੁ, ਮਃ ੫)

ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ ॥ (੧੧੯੩-੮, ਬਸੰਤੁ, ਮਃ ੫)

ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ ॥੧॥ (੧੧੯੩-੮, ਬਸੰਤੁ, ਮਃ ੫)

ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥ (੧੧੯੩-੯, ਬਸੰਤੁ, ਮਃ ੫)

ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥ (੧੧੯੩-੯, ਬਸੰਤੁ, ਮਃ ੫)

ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥ (੧੧੯੩-੧੦, ਬਸੰਤੁ, ਮਃ ੫)

ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥ (੧੧੯੩-੧੦, ਬਸੰਤੁ, ਮਃ ੫)

ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥੨॥ (੧੧੯੩-੧੧, ਬਸੰਤੁ, ਮਃ ੫)

ਕਿਥਹੁ ਉਪਜੈ ਕਹ ਰਹੈ ਕਹ ਮਾਹਿ ਸਮਾਵੈ ॥ (੧੧੯੩-੧੧, ਬਸੰਤੁ, ਮਃ ੫)

ਜੀਅ ਜੰਤ ਸਭਿ ਖਸਮ ਕੇ ਕਉਣੁ ਕੀਮਤਿ ਪਾਵੈ ॥ (੧੧੯੩-੧੧, ਬਸੰਤੁ, ਮਃ ੫)

ਕਹਨਿ ਧਿਆਇਨਿ ਸੁਣਨਿ ਨਿਤ ਸੇ ਭਗਤ ਸੁਹਾਵੈ ॥ (੧੧੯੩-੧੨, ਬਸੰਤੁ, ਮਃ ੫)

ਅਗਮੁ ਅਗੋਚਰੁ ਸਾਹਿਬੋ ਦੂਸਰੁ ਲਵੈ ਨ ਲਾਵੈ ॥ (੧੧੯੩-੧੨, ਬਸੰਤੁ, ਮਃ ੫)

ਸਚੁ ਪੂਰੈ ਗੁਰਿ ਉਪਦੇਸਿਆ ਨਾਨਕੁ ਸੁਣਾਵੈ ॥੩॥੧॥ (੧੧੯੩-੧੩, ਬਸੰਤੁ, ਮਃ ੫)